TENDER HEART HIGH SCHOOL, SECTOR-33B, CHANDIGARH

Class-9 Ramandeep Kaur

Topic- ਸੁਹਾਗ (ਇਕਾਂਗੀ) ਪਾਠ-1

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਇਕਾਂਗੀ 'ਸੁਹਾਗ' ਬਾਰੇ ਚਰਚਾ ਕਰਾਂਗੇ। ਇਹ ਤੁਹਾਡੀ ਪਾਠ-ਪੁਸਤਕ 'ਸੰਚ - ਸਹਿਕ' ਵਿੱਚ ਪੰਨਾ-ਨੰਬਰ 5 ਤੇ ਦਰਜ ਹੈ।

ਇਹ 'ਈਸ਼ਵਰ ਚੰਦਰ ਨੰਦਾ' ਦੀ ਰਚਨਾ ਹੈ। ਇਸ ਵਿੱਚ ਲੇਖਕ ਨੇ ਬੜੇ ਹੀ ਸੁੱਚਜੇ ਢੰਗ ਨਾਲ ਬਾਲ ਵਿਆਹ ਵੱਟੇ ਦਾ ਵਿਆਹ ਵਰਗੀਆਂ ਸਮਾਜਿਕ ਸਮੱਸਿਆਵਾਂ ਨੂੰ ਸਟੇਜ ਤੇ ਪਹਿਲੀ ਵਾਰ ਦਰਸਾਇਆ ਹੈ। ਇਕਾਂਗੀ ਨੂੰ 3-4 ਵਾਰੀ ਪੜ੍ਹੋ ਅਤੇ ਵਿਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰੋ।

ਸਭ ਤੋਂ ਪਹਿਲਾਂ ਅਸੀਂ ਵਿਚਾਰਾਂਗੇ ਕਿ ਇਕਾਂਗੀ ਕੀ ਹੁੰਦੀ ਹੈ। ਇਹ ਸਾਹਿਤ ਦਾ ਕਿਹੜਾ ਰੂਪ ਹੁੰਦੀ ਹੈ। ਵੰਨਗੀ ਤੋਂ ਭਾਵ ਰੂਪ (Type)।

ਸਾਹਿਤ ਵਿੱਚ ਇਸ ਵੰਨਗੀ ਦੀ ਸ਼ੁਰੂਆਤ 'ਈਸ਼ਵਰ ਚੰਦਰ ਨੰਦਾ' ਨੇ ਆਪਣੀ ਰਚਨਾ 'ਸੁਹਾਗ' ਲਿਖ ਕੇ ਕੀਤੀ ਸੀ। ਇਕਾਂਗੀ ਨੂੰ ਸਰਲ ਭਾਸ਼ਾ ਵਿੱਚ ਛੋਟਾ ਨਾਟਕ ਵੀ ਕਿਹਾ ਜਾਂਦਾ ਹੈ। ਇਹਨਾਂ ਨੂੰ ਸਟੇਜ ਤੇ ਖੇਡ ਕੇ ਲੋਕਾਂ ਨੂੰ ਕਈ ਸਮਾਜਿਕ ਸਮੱਸਿਆਵਾਂ ਤੋਂ ਸੁਚੇਤ ਕੀਤਾ ਜਾਂਦਾ ਹੈ। ਇਹ ਉਸ ਸਮੇਂ ਲੋਕ ਪ੍ਰਚਾਰ ਦਾ ਵਧੀਆ ਸਾਧਨ ਮੰਨੀ ਜਾਂਦੀ। ਇਸ ਤਰ੍ਹਾਂ ਅਸੀਂ 'ਸੁਹਾਗ' ਇਕਾਂਗੀ ਪੜ੍ਹਾਂਗੇ ਅਤੇ ਸਮਝਣ ਦਾ ਯਤਨ ਕਰਾਂਗੇ ਕਿ ਇਸ ਵਿੱਚ ਕਿਹੜੀਆਂ ਸਮੱਸਿਆਵਾਂ ਨੂੰ ਦਰਸਾਇਆ ਗਿਆ ਹੈ।

Class - 9
Topic- ਸੁਹਾਗ (ਇਕਾਂਗੀ)

Ramandeep Kaur
ਪਾਠ - 1

## ਇਕਾਂਗੀ ਦਾ ਸਾਰ

ਇਸ ਇਕਾਂਗੀ ਵਿੱਚ ਪਿੰਡ ਦਾ ਦ੍ਰਿਸ਼ ਵਿਖਾਇਆ ਗਿਆ ਇਹ ਪੰਜਾਬ ਦੇ ਇੱਕ ਪਿੰਡ ਦੀ ਕਹਾਣੀ ਰਚੀ ਗਈ ਹੈ। ਪਿੰਡ ਵਾਲਿਆਂ ਦੀ ਆਰਥਿਕ ਤੰਗੀ, ਅਣਜੋੜ ਵਿਆਹ, ਦੁਹਾਜੂ ਨਾਲ ਬਾਲ ਵਿਆਹ ਵਰਗੀਆਂ ਸਮੱਸਿਆਂ ਨੂੰ ਦਰਸਾਉਂਦੀ ਇਕਾਂਗੀ।

ਘਰ ਵਿੱਚ ਕੁੜੀ ਦੇ ਵਿਆਹ ਬਾਰੇ ਚਿੰਤਾਂ — ਹੁਸ਼ਿਆਰ ਚੰਦ ਅਤੇ ਕੌਰਾਂ ਪਤੀ - ਪਤਨੀ ਹਨ ਅਤੇ ਕੌਰਾਂ ਨੂੰ ਆਪਣੀ ਵੱਡੀ ਧੀ ਮੇਲੋ ਦੇ ਵਿਆਹ ਦਾ ਫਿਕਰ ਹੈ। ਉਸਦੀ ਉਮਰ ਲਗਭਗ ਸਤਾਰਾਂ - ਅਠਾਰਾਂ ਸਾਲ ਹੈ। ਉਸਦੀ ਛੋਟੀ ਧੀ ਜਿਸਦੀ ਉਮਰ ਛੇ- ਸੱਤ ਸਾਲ ਹੈ ਗੁੱਡੀਆਂ ਨਾਲ ਖੇਡਦੀ ਨਜ਼ਰ ਆਉਂਦੀ ਹੈ। ਪਿੰਡ ਦੀ ਇੱਕ ਗੁਆਂਢਣ ਆ ਕੇ ਕੌਰਾਂ ਨਾਲ ਗੱਲ ਕਰਦੀ ਹੈ ਕਿ ਅੱਜ ਕਲ ਤਾਂ ਕੁੜੀਆਂ ਦੀ ਉਮਰ ਵਲ ਕੋਈ ਨਹੀਂ ਵੇਖਦਾ ਸਤਾਰਾਂ-ਅਠਾਰਾਂ ਸਾਲ ਤੱਕ ਉਹਨਾਂ ਦਾ ਵਿਆਹ ਹੀ ਨਹੀਂ ਕਰਦੇ, ਕੌਰਾਂ ਵੀ ਇਸ ਗੱਲ ਦੀ ਹਾਮੀ ਭਰਦੀ ਹੈ ਤੇ ਕਹਿੰਦੀ ਸਭ ਈਦਿਆਂ ਰੱਬ ਹੈ। ਉਸਦੀ ਤਾਂ ਆਪਣੀ ਧੀ ਮੇਲੋ ਦੀ ਉਮਰ ਵਧਦੀ ਜਾਂਦੀ ਹੈ, ਜਿਸਦੇ ਪਿਓ ਨੂੰ ਤਾਂ ਕੋਈ ਚਿੰਤਾ ਨਹੀਂ ਲਗਦੀ। ਬੁੱਢੀ ਕਹਿੰਦੀ ਹੈ ਕਿ ਤੂੰ ਜ਼ਰਾ ਹੋਰ ਸਮਝਾ ਉਸਨੂੰ ਕਿ ਧੀਆਂ ਤਾਂ ਪਰਾਹਿਆਂ ਧਨ ਹਨ ਜਿਹਨਾਂ ਨੂੰ ਛੇਤੀ ਜਿਹਨਾਂ ਦੇ ਘਰ ਭੇਜ ਦੇਣਾ ਚਾਹੀਦਾ ਹੈ। ਅੱਗੇ ਵਿਚਾਰਦੇ ਹਾਂ ਕਿ ਹੁਸ਼ਿਆਰਚੰਦ ਕੀ ਸਮਝਦਾਰੀ ਦਿਖਾਉਂਦਾ ਹੈ ਅਤੇ ਆਪਣੀ ਧੀ ਵਾਸਤੇ ਕੀ ਸੋਚਦਾ ਹੈ।

Class- 9 Ramandeep Kaur

Topic- ਸੁਹਾਗ (ਇਕਾਂਗੀ) ਪਾਠ- 1

ਹੁਸ਼ਿਆਰ ਚੰਦ ਦਾ ਲੱਭਿਆ ਵਰ – ਹੁਸ਼ਿਆਰ ਚੰਦ ਜਦੋਂ ਘਰ ਪਰਤਦਾ ਹੈ ਤਾਂ ਬੁੱਢੀ ਚਲੀ ਜਾਂਦੀ ਹੈ। ਰੌਗਾਂ ਉਸਨੂੰ ਜੰਡਪੁਰੇ ਵਾਲੇ ਰਿਸ਼ਤੇ ਬਾਰੇ ਪੁੱਛਦੀ ਹੈ ਤਾਂ ਹੁਸ਼ਿਆਰ ਚੰਦ ਕਹਿੰਦਾ ਕੰਮ ਬਣ ਗਿਆ। ਹੁਸ਼ਿਆਰ ਚੰਦ ਜੰਡਪੁਰੇ ਵਾਲਿਆਂ ਦੀ ਬਹੁਤ ਤਰੀਫ਼ ਕਰਦਾ ਹੈ, ਰੌਗਾਂ ਬਹੁਤ ਖੁਸ਼ ਹੁੰਦੀ ਹੈ ਜਿਵੇਂ ਉਸਦਾ ਭਾਗ ਲੱਭ ਗਿਆ ਹੋਵੇ। ਹੁਸ਼ਿਆਰ-ਚੰਦ ਮੁੰਡੇ ਦੀ ਉਮਰ ਬਾਰੇ ਖੁਲ ਕੇ ਨਹੀਂ ਦੱਸਦਾ।

ਹੁਸ਼ਿਆਰ ਚੰਦ ਇਸ਼ਾਰੇ ਨਾਲ ਮੇਲੋ ਨੂੰ ਪੰਡਤਾਣੀ ਨੂੰ ਸੱਦਣ ਭੇਜ ਦਿੰਦਾ ਹੈ ਅਤੇ ਲਾਜੋ ਨੂੰ ਅੰਦਰ ਜਾਣ ਲਈ ਕਹਿੰਦਾ ਹੈ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

1. ਇਕਾਂਗੀ ਦੇ ਪਾਤਰਾਂ ਦੇ ਨਾਮ ਲਿਖੋ।
2. 'ਸੁਹਾਗ' ਇਕਾਂਗੀ ਦਾ ਲੇਖਕ ਕੌਣ ਹੈ?
3. ਹੁਸ਼ਿਆਰਚੰਦ ਧੀ ਦਾ ਰਿਸ਼ਤਾ ਕਿੱਥੇ ਪੱਕਾ ਕਰ ਕੇ ਆਇਆ ਹੈ?
4. ਰੌਗਾਂ ਨੂੰ ਕਿਸ ਗੱਲ ਦੀ ਚਿੰਤਾ ਸੀ?

ਉਮੀਦ ਹੈ ਤੁਸੀਂ ਉੱਤਰ ਲਿਖ ਲਏ ਹੋਣਗੇ। ਆਓ ਪਹਿਲਾਂ ਉੱਤਰ ਵਿਚਾਰਦੇ ਹਾਂ।

Class-9 Ramandeep Kaur

Topic- ਸੁਹਾਗ (ਇਕਾਂਗੀ) ਪਾਠ - 1

1. ਇਕਾਂਗੀ ਦੇ ਪਾਤਰ ਹਨ - ਹੁਸ਼ਿਆਰ ਚੰਦ, ਉਸਦੀ ਪਤਨੀ ਕੌਰਾਂ, ਉਹਨਾਂ ਦੀਆਂ ਦੋ ਧੀਆਂ ਵੱਡੀ ਸੋਲੋ ਅਤੇ ਛੋਟੀ ਲਾਜੋ। ਬਸੰਤੋ ਸੋਲੋ ਦੀ ਸਹੇਲੀ, ਪਿੰਡ ਦੀ ਨੈਣ, ਬਜ਼ੁਰਗ ਔਰਤ, ਇੱਕ ਪਾਂਧਾ।

2. 'ਸੁਹਾਗ' ਇਕਾਂਗੀ 'ਈਸ਼ਵਰ ਚੰਦਰ ਨੰਦਾ' ਦੀ ਰਚਨਾ ਹੈ। ਇਸ ਵੰਨਗੀ ਦੀ ਸ਼ੁਰੂਆਤ ਇਹਨਾਂ ਨੇ ਹੀ ਕੀਤੀ ਸੀ।

3. ਹੁਸ਼ਿਆਰ ਚੰਦ ਆਪਣੀ ਧੀ ਦਾ ਰਿਸ਼ਤਾ ਜੰਡਪੁਰ ਪੱਕਾ ਕਰ ਕੇ ਆਇਆ ਸੀ।

4. ਕੌਰਾਂ ਨੂੰ ਆਪਣੀ ਧੀ ਸੋਲੋ ਦੇ ਵਿਆਹ ਦੀ ਚਿੰਤਾ ਸੀ। ਉਹ ਹੁਣ ਸਤਾਰਾਂ - ਅਠਾਰਾਂ ਸਾਲ ਦੀ ਹੋ ਗਈ ਸੀ। ਕੌਰਾਂ ਦੀ ਇੱਛਾ ਸੀ ਕਿ ਉਸਦਾ ਵਿਆਹ ਕਿਸੇ ਚੰਗੇ ਘਰ ਹੋ ਜਾਵੇ।
ਆਓ ਹੁਣ ਅੱਗੇ ਵਿਚਾਰਦੇ ਹਾਂ।

ਜੰਡਪੁਰ ਵਾਲੇ ਮੁੰਡੇ ਦੀ ਉਮਰ ਦਾ ਸੱਚ — ਕੌਰਾਂ, ਹੁਸ਼ਿਆਰ ਚੰਦ ਨੂੰ ਫਿਰ ਪੁੱਛਦੀ ਹੈ ਕਿ ਮੁੰਡੇ ਦੀ ਉਮਰ ਕੀ ਹੈ ਤਾਂ ਉਸਨੂੰ ਪਤਾ ਲੱਗਦਾ ਹੈ ਕਿ ਉਹ 'ਦੁਹਾਜੂ' ਹੈ। (ਜਿਸਦਾ ਦੂਜਾ ਵਿਆਹ ਹੋਵੇ)। ਉਸਦੇ ਬੱਚੇ ਵੀ ਹਨ ਦੋ ਮੁੰਡੇ ਅਤੇ ਇੱਕ ਕੁੜੀ। ਕੌਰਾਂ ਬਹੁਤ ਨਿਰਾਸ਼ ਹੁੰਦੀ ਹੈ ਅਤੇ ਕਹਿੰਦੀ ਹੈ ਲੋਕ ਕੀ ਸੋਚਣਗੇ। ਪਰ ਹੁਸ਼ਿਆਰ ਚੰਦ ਚੰਗਾ ਪੈਸੇ ਵਾਲਾ ਖਾਨਦਾਨ ਕਹਿ ਕੇ ਕੌਰਾਂ ਨੂੰ ਚੁੱਪ ਕਰਾ ਦਿੰਦਾ ਹੈ। ਸਾਡੀ ਧੀ ਨੂੰ ਉਸ ਘਰ ਕੋਈ ਕਮੀ ਨਹੀਂ ਹੋਵੇਗੀ। ਕੌਰਾਂ ਨਾ ਚਾਹੁੰਦੀ ਹੋਈ ਵੀ ਇਸ ਰਿਸ਼ਤੇ ਨੂੰ ਹਾਂ ਕਰਦੀ ਹੈ। ਕੌਰਾਂ ਨੂੰ ਆਪਣੇ ਘਰ ਦੀ ਆਰਥਿਕ ਹਾਲਤ ਵੀ ਪਤਾ ਹੈ, ਉਹ ਨਹੀਂ ਚਾਹੁੰਦੀ ਕਿ ਉਸਦੀ ਧੀ ਨੂੰ ਕੋਈ ਕਮੀ ਆਵੇ।

Class - 9 Ramandeep Kaur

Topic- ਸੁਹਾਗ (ਇਕਾਂਗੀ) ਪਾਠ - 1

ਪਿੰਡ ਦੀ ਨੈਣ ਦਾ ਭਾਜੀ ਲੈ ਕੇ ਆਉਣਾ - ਨੈਣ ਆਪਣੇ ਦੋਹਤੇ ਦੇ ਜੰਮਣ ਦੀ ਭਾਜੀ ਲੈ ਕੇ ਆਉਂਦੀ ਹੈ ਅਤੇ ਮੇਲੋ ਦੇ ਵਿਆਹ ਦੀ ਗੱਲ ਛੇੜਦੀ ਹੈ। ਕੌਰਾਂ ਕਹਿੰਦੀ ਉਹਨਾਂ ਜੰਡਿਆਲੇ ਰਿਸ਼ਤਾ ਪੱਕਾ ਕਰ ਦਿੱਤਾ। ਬਹੁਤ ਚੰਗਾ ਖਾਨਦਾਨ ਹੈ। ਘਰ ਵਿੱਚ ਚੰਗੀ ਕਮਾਈ ਹੈ। ਮੁੰਡਾ ਸਰਕਾਰੀ ਨੌਕਰ ਲੱਗਿਆ ਹੈ। ਸਾਡੀ ਧੀ ਉੱਥੇ ਸੁਖੀ ਰਹੇਗੀ ਪਰ ਉਹ ਮੁੰਡੇ ਦੀ ਅਸਲੀ ਉਮਰ ਬਾਰੇ ਕੁੱਝ ਨਹੀਂ ਦੱਸਦੀ।

★ ਹੁਣ ਤੁਸੀਂ ਇਸ ਆਡੀਓ ਨੂੰ ਪੰਜ ਮਿੰਟ ਲਈ ਰੋਕ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣੇ ਹਨ।

5. ਕੌਰਾਂ ਨੂੰ ਕੀ ਸੱਚ ਪਤਾ ਲਗਦਾ ਹੈ?

6. ਹੁਸ਼ਿਆਰਚੰਦ ਨੇ ਕਿਹੋ ਜਿਹਾ ਵਰ ਲੱਭਿਆ ਸੀ?

7. ਪਿੰਡ ਦੀ ਨੈਣ ਭਾਜੀ ਕਿਉਂ ਵੰਡਦੀ ਹੈ?

ਆਓ ਹੁਣ ਉੱਤਰ ਵਿਚਾਰਦੇ ਹਾਂ।

5. ਕੌਰਾਂ ਦੇ ਬਾਰ - ਬਾਰ ਪੁੱਛਣ ਤੇ ਹੁਸ਼ਿਆਰ ਚੰਦ ਦੱਸਦਾ ਹੈ ਕਿ ਮੁੰਡੇ ਦੀ ਉਮਰ ਵੱਡੀ ਹੈ ਪਰ ਆਪਣੀ ਧੀ ਉੱਥੇ ਸੁਖੀ ਰਹੇਗੀ। ਰੱਜਿਆ - ਪੁੱਜਿਆ ਘਰ ਹੈ ਉਸਨੂੰ ਕਿਸੇ ਚੀਜ਼ ਦੀ ਕਮੀ ਨਹੀਂ ਹੋਵੇਗੀ।

6. ਹੁਸ਼ਿਆਰ ਚੰਦ ਨੇ ਆਪਣੀ ਧੀ ਮੇਲੋ ਵਾਸਤੇ ਵਡੇਰੀ ਉਮਰ ਦੇ ਬੰਦੇ ਦਾ ਰਿਸ਼ਤਾ ਲੱਭਿਆ। ਉਹ ਦੁਹਾਜੂ ਸੀ ਅਤੇ ਉਸਦੇ ਬੱਚੇ ਵੀ ਸੀ।

Topic- ਸੁਹਾਗ (ਇਕਾਂਗੀ)  
Class- 9

Ramandeep Kaur  
ਪਾਠ-1

7. ਭਾਜੀ ਤੋਂ ਭਾਵ ਸਠਿਆਈ ਹੁੰਦਾ ਹੈ। ਪਿੰਡ ਦੀ ਨੈਣ ਦੇ ਦੋਹਤਾ ਹੋਇਆ ਸੀ। ਭਾਵ ਉਸਦੀ ਕੁੜੀ ਘਰ ਮੁੰਡਾ ਜੰਮਿਆ ਸੀ। ਉਸਦੀ ਖੁਸ਼ੀ ਵਿੱਚ ਉਹ ਭਾਜੀ ਵੰਡਦੀ ਫਿਰਦੀ ਸੀ।

ਇਕਾਂਗੀ ਵਿੱਚ ਅੱਗੇ ਕੀ ਵਾਪਰਦਾ ਹੈ ਉਸ ਬਾਰੇ ਅਗਲੇ ਪਰਤੇ ਵਿਚਾਰ ਕਰਾਂਗੇ। ਤੁਸੀਂ ਇਕਾਂਗੀ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਵਿਸ਼ਾ ਸਮਝਣ ਦਾ ਯਤਨ ਕਰੋ।

ਵਿਆਕਰਣ - ਭਾਗ

1. ਤੁਸੀਂ ਆਪਣੇ ਕੋਰਸ ਤੋਂ ਇਲਾਵਾ ਕੋਈ ਚੰਗੀ ਪੁਸਤਕ ਪੜ੍ਹੀ ਹੈ। ਇਸ ਪੁਸਤਕ ਦੀਆਂ ਸਿਫਤਾਂ ਕਰਦੇ ਹੋਏ ਆਪਣੇ ਮਿੱਤਰ / ਸਹੇਲੀ ਨੂੰ ਪੱਤਰ ਰਾਹੀਂ ਦੱਸੋ।

2. ਪੰਜਾਬ ਰੋਡਵੇਜ਼ ਦੇ ਪ੍ਰਬੰਧਕ ਨੂੰ ਪੱਤਰ ਲਿਖੋ ਜਿਸ ਵਿੱਚ ਇੱਕ ਡਰਾਈਵਰ ਦੀ ਬਹਾਦਰੀ ਕਾਰਨ ਟਲੇ ਇੱਕ ਵੱਡੇ ਹਾਦਸੇ ਦੀ ਤਾਰੀਫ ਕਰਦਿਆਂ, ਪੱਤਰ ਲਿਖੋ। (ਵਿਆਕਰਣ ਪੁਸਤਕ ਪੰਨਾ - 250)

ਤੁਸੀਂ ਨਿਜੀ ਚਿੱਠੀ ਅਤੇ ਅਰਜੀ ਆਪਣੇ ਸ਼ਬਦਾਂ ਵਿੱਚ ਕਾਪੀ ਤੇ ਲਿਖਣ ਦਾ ਅਭਿਆਸ ਕਰਨਾ ਹੈ।

ਧੰਨਵਾਦ

(Last page)